# ਜਿਹੜੇ ਬੀਮਾਰ ਪਹਿਲਾਂ ਹੀ ਹਸਪਤਾਲ ਵਿੱਚ ਉਨ੍ਹਾਂ ਨੂੰ ਹਿਰਾਸਤ ਵਿੱਚ ਰੱਖਣਾ

(ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) 1983 ਦਾ ਸੈਕਸ਼ਨ 5(2))

| | |
|---|---|
| 1. ਮਰੀਜ਼ ਦਾ ਨਾਂਅ | |
| 2. ਤੁਹਾਡੇ ਇਲਾਜ ਲਈ ਜ਼ਿੰਮੇਵਾਰ ਵਿਅਕਤੀ ਦਾ ਨਾਂਅ | |

## ਮੈਂ ਇਸ ਹਸਪਤਾਲ ਨੂੰ ਛੱਡ ਕਿਉਂ ਨਹੀਂ ਸਕਦਾ / ਸਕਦੀ ?

ਤੁਹਾਨੂੰ ਇਸ ਹਸਪਤਾਲ ਵਿੱਚ 1983 ਦੇ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦੇ ਸੈਕਸ਼ਨ 5(2) ਤਹਿਤ ਰੱਖਿਆ ਜਾ ਰਿਹਾ ਹੈ ਕਿਉਂਕਿ ਤੁਹਾਡੇ ਇਲਾਜ ਲਈ ਜ਼ਿੰਮੇਵਾਰ ਵਿਅਕਤੀ ਜਾਂ ਉਨ੍ਹਾਂ ਦਾ ਡਿਪਟੀ ਇਹ ਸੋਚਦੇ ਹਨ ਕਿ ਤੁਹਾਨੂੰ ਕੋਈ ਮਾਨਸਿਕ ਵਿਗਾੜ ਹੈ ਅਤੇ ਤੁਹਾਨੂੰ ਹਸਪਤਾਲ ਵਿੱਚ ਰਹਿਣ ਦੀ ਜ਼ਰੂਰਤ ਹੈ।

“ਡਿਪਟੀ” ਦਾ ਮਤਲਬ ਕਿਸੇ ਅਜਿਹੇ ਵਿਅਕਤੀ ਤੋਂ ਹੈ, ਜੋ ਉਸ ਸਮੇਂ ਫੈਸਲੇ ਲੈ ਸਕਦਾ ਹੈ, ਜਦੋਂ ਤੁਹਾਡੇ ਇਲਾਜ ਲਈ ਜ਼ਿੰਮੇਵਾਰ ਵਿਅਕਤੀ ਕਿਧਰੇ ਹੋਰ ਹੋਵੇ।

## ਮੈਨੂੰ ਇੱਥੇ ਕਿੰਨੀ ਦੇਰ ਰਹਿਣਾ ਪਏਗਾ ?

ਤੁਹਾਨੂੰ ਇੱਥੇ 72 ਘੰਟਿਆਂ ਤਕ ਰੱਖਿਆ ਜਾ ਸਕਦਾ ਹੈ ਤਾਂ ਜੋ ਇਹ ਫੈਸਲਾ ਕਰਨ ਲਈ ਕਿ ਤੁਹਾਨੂੰ ਹੋਰ ਵੱਧ ਸਮੇਂ ਲਈ ਹਸਪਤਾਲ ਵਿੱਚ ਰੱਖੇ ਜਾਣ ਦੀ ਜ਼ਰੂਰਤ ਹੈ ਕਿ ਨਹੀਂ, ਦੋ ਡਾਕਟਰ ਤੁਹਾਡਾ ਮੁਆਇਨਾ ਕਰ ਸਕਣ।

ਇਹ ਵੀ ਹੋ ਸਕਦਾ ਹੈ ਕਿ ਤੁਹਾਨੂੰ ਇੱਕ ਮਾਨਸਿਕ ਸਿਹਤ ਬਾਰੇ ਮਾਨਤਾ ਪ੍ਰਾਪਤ ਪੇਸ਼ਾਵਰ ਵੀ ਵੇਖੇ।
ਮਾਨਸਿਕ ਸਿਹਤ ਦਾ ਮਾਨਤਾ ਪ੍ਰਾਪਤ ਪੇਸ਼ਾਵਰ ਉਹ ਵਿਅਕਤੀ ਹੈ ਜਿਸਨੇ ਇਹ ਫੈਸਲਾ ਕਰਨ ਕਿ ਕੀ ਲੋਕਾਂ ਨੂੰ ਹਸਪਤਾਲ ਵਿੱਚ ਰੱਖੇ ਜਾਣਦੀ ਜ਼ਰੂਰਤ ਹੈ ਕਿ ਨਹੀਂ, ਵਿੱਚ ਸਹਾਇਤਾ ਦੇਣ ਦੀ ਵਿਸ਼ੇਸ਼ ਸਿਖਲਾਈ ਹਾਸਲ ਕੀਤੀ ਹੋਈ ਹੈ।

ਤੁਹਾਨੂੰ ਇਸ ਸਮੇਂ ਦੌਰਾਨ ਹਸਪਤਾਲ ਤੋਂ ਉਦੋਂ ਤਕ ਨਹੀਂ ਜਾਣਾ ਚਾਹੀਦਾ, ਜਦੋਂ ਤਕ ਤੁਹਾਡੇ ਇਲਾਜ ਲਈ ਜ਼ਿੰਮੇਵਾਰ ਵਿਅਕਤੀ ਜਾਂ ਉਨ੍ਹਾਂ ਦਾ ਡਿਪਟੀ ਤੁਹਾਨੂੰ ਜਾਣ ਲਈ ਨਹੀਂ ਕਹਿੰਦੇ। ਜੇ ਤੁਸੀਂ ਜਾਣ ਦੀ ਕੋਸ਼ਿਸ਼ ਕਰੋਗੇ ਤਾਂ ਸਟਾਫ਼ ਤੁਹਾਨੂੰ ਰੋਕ ਸਕਦਾ ਹੈ, ਅਤੇ ਜੇ ਤੁਸੀਂ ਚਲੇ ਜਾਂਦੇ ਹੋ, ਤਾਂ ਤੁਹਾਨੂੰ ਵਾਪਸ ਲਿਆਇਆ ਜਾ ਸਕਦਾ ਹੈ।

ਜੇ ਤੁਹਾਨੂੰ ਹਸਪਤਾਲ ਵਿੱਚ ਪਹਿਲਾਂ ਹੀ ਇੱਕ ਨਰਸ ਵਲੋਂ ਮੈਂਟਲ ਹੈਲਥ ਐਕਟ ਦੇ ਸੈਕਸ਼ਨ 5(4) ਤਹਿਤ ਰੱਖਿਆ ਗਿਆ ਹੈ, ਤਾਂ ਜਿਨ੍ਹਾਂ ਸਮਾਂ ਤੁਸੀਂ ਪਹਿਲਾਂ ਹੀ ਹਸਪਤਾਲ ਵਿੱਚ ਰਹਿ ਚੁੱਕੇ ਹੋ, ਇਸ ਸੈਕਸ਼ਨ ਤਹਿਤ, 72 ਘੰਟਿਆਂ ਦਾ ਹਿੱਸਾ ਮੰਨਿਆ ਜਾਏਗਾ।

ਤੁਹਾਡੇ ਕੇਸ ਵਿੱਚ 72 ਘੰਟੇ ਇਸ ਸਮੇਂ ਖ਼ਤਮ ਹੁੰਦੇ ਹਨ :

| ਤਾਰੀਖ਼ | ਸਮਾਂ |
|---|---|

## ਇਸਤੋਂ ਅੱਗੇ ਕੀ ਹੁੰਦਾ ਹੈ ?

ਡਾਕਟਰਾਂ ਵਲੋਂ ਇੱਕ ਵਾਰ ਤੁਹਾਨੂੰ ਵੇਖ ਲੈਣ ਬਾਅਦ ਇਹ ਫੈਸਲਾ ਕੀਤਾ ਜਾ ਸਕਦਾ ਹੈ ਕਿ ਤੁਹਾਨੂੰ ਹਸਪਤਾਲ ਵਿੱਚ ਵੱਧ ਸਮੇਂ ਲਈ ਰੱਖਣ ਦੀ ਜ਼ਰੂਰਤ ਹੈ। ਇੱਕ ਡਾਕਟਰ ਜਾਂ ਮਾਨਸਿਕ ਸਿਹਤ ਬਾਰੇ ਮਾਨਤਾ ਪ੍ਰਾਪਤ ਪੇਸ਼ਾਵਰ ਤੁਹਾਨੂੰ ਇਹ ਦੱਸੇਗਾ ਕਿ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ ਅਤੇ ਇਹ ਸਮਾਂ ਕਿੰਨਾ ਹੋਏਗਾ। ਤੁਹਾਨੂੰ ਇਹ ਦੱਸਣ ਲਈ ਕਿ ਕੀ ਹੋਏਗਾ, ਇੱਕ ਹੋਰ ਲੀਫ਼ਲੈਟ ਦਿੱਤਾ ਜਾਏਗਾ। ਜੇ ਇਹ ਫੈਸਲਾ ਹੁੰਦਾ ਹੈ ਕਿ ਤੁਹਾਨੂੰ ਹਸਪਤਾਲ ਵਿੱਚ ਰੁਕਣ ਦੀ ਜ਼ਰੂਰਤ ਨਹੀਂ, ਤਾਂ ਉਹ (ਜਾਂ ਸਟਾਫ਼ ਦਾ ਕੋਈ ਹੋਰ ਮੈਂਬਰ) ਤੁਹਾਡੇ ਨਾਲ ਇਸ ਬਾਰੇ ਗੱਲ ਕਰੇਗਾ ਕਿ ਤੁਹਾਨੂੰ ਹੋਰ ਕਿਹੜੀ ਸਹਾਇਤਾ ਮਿਲਣੀ ਚਾਹੀਦੀ ਹੈ।

ਜੇ ਤੁਹਾਨੂੰ 72 ਘੰਟਿਆਂ ਦੇ ਅਖ਼ੀਰ ਤਕ ਇਹ ਨਹੀਂ ਦੱਸਿਆ ਜਾਂਦਾ ਕਿ ਤੁਹਾਨੂੰ ਹਸਪਤਾਲ ਵਿੱਚ ਠਹਿਰਨਾ ਪਏਗਾ ਤਾਂ ਤੁਸੀਂ ਉਥੋਂ ਜਾਣ ਲਈ ਆਜ਼ਾਦ ਹੋ। ਪਰ ਤੁਸੀਂ ਹਸਪਤਾਲ ਵਿੱਚ ਆਪਣੀ ਮਰਜ਼ੀ ਨਾਲ ਰਹਿਣ ਵਾਲੇ ਮਰੀਜ ਵਜੋਂ ਉੱਥੋਂ ਠਹਿਰਣ ਦਾ ਫੈਸਲਾ ਕਰ ਸਕਦੇ ਹੋ। ਜੇ ਤੁਸੀਂ 72 ਘੰਟਿਆਂ ਦੇ ਖ਼ਤਮ ਹੋਣ ਤੇ ਉੱਥੋਂ ਜਾਣਾ ਨਹੀਂ ਚਾਹੁੰਦੇ ਤਾਂ ਕਿਰਪਾ ਕਰਕੇ ਪਹਿਲਾਂ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲਬਾਤ ਕਰੋ।

## ਕੀ ਮੈਂ ਅਪੀਲ ਕਰ ਸਕਦਾ / ਸਕਦੀ ਹਾਂ ?

ਨਹੀਂ। ਭਾਂਵੇਂ ਤੁਸੀਂ ਇਸ ਨਾਲ ਸਹਿਮਤ ਨਾ ਹੋਵੋ ਕਿ ਤੁਹਾਨੂੰ ਹੁਣ ਹਸਪਤਾਲ ਵਿੱਚ ਰਹਿਣ ਦੀ ਜ਼ਰੂਰਤ ਹੈ, ਪਰ ਤੁਸੀਂ ਸੈਕਸ਼ਨ 5(2) ਤਹਿਤ ਕੀਤੇ ਫੈਸਲੇ ਵਿਰੁੱਧ ਅਪੀਲ ਨਹੀਂ ਕਰ ਸਕਦੇ।

## ਕੀ ਮੇਰਾ ਇਲਾਜ ਕੀਤਾ ਜਾਏਗਾ ?

ਹਸਪਤਾਲ ਦਾ ਸਟਾਫ਼ ਤੁਹਾਨੂੰ ਅਜਿਹੇ ਕਿਸੇ ਇਲਾਜ ਬਾਰੇ ਦੱਸਣਗੇ ਜਿਸ ਦੇ ਬਾਰੇ ਉਹ ਸੋਚਦੇ ਹਨ, ਕਿ ਤੁਹਾਨੂੰ ਜ਼ਰੂਰਤ ਹੈ। ਜਿਹੜਾ ਇਲਾਜ ਤੁਸੀਂ ਨਹੀਂ ਚਾਹੁੰਦੇ ਉਸ ਨੂੰ ਇਨਕਾਰ ਕਰਨ ਦਾ ਤੁਹਾਡਾ ਅਧਿਕਾਰ ਹੈ। ਸਿਰਫ਼ ਵਿਸ਼ੇਸ਼ ਹਾਲਾਤ ਵਿੱਚ, ਜਿਨ੍ਹਾਂ ਬਾਰੇ ਤੁਹਾਨੂੰ ਸਮਝਾ ਦਿੱਤਾ ਜਾਏਗਾ, ਤੁਹਾਨੂੰ ਉਹ ਇਲਾਜ ਦਿੱਤਾ ਜਾ ਸਕਦਾ ਹੈ, ਜਿਸ ਲਈ ਤੁਸੀਂ ਸਹਿਮਤ ਨਾ ਹੋਵੋ।

## ਆਪਣੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਖ਼ਬਰ ਦੇਣੀ

ਇਸ ਲੀਫ਼ਲੈਟ ਦੀ ਇੱਕ ਕਾਪੀ ਉਸ ਵਿਅਕਤੀ ਨੂੰ ਦਿੱਤੀ ਜਾਏਗੀ, ਜਿਸ ਬਾਰੇ ਮੈਂਟਰ ਹੈਲਥ ਐਕਟ ਕਹਿੰਦਾ ਹੈ, ਕਿ ਉਹ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ।

ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਵਿੱਚ ਉਨ੍ਹਾਂ ਲੋਕਾਂ ਦੀ ਸੂਚੀ ਹੈ, ਜਿਨ੍ਹਾਂ ਨੂੰ ਰਿਸ਼ਤੇਦਾਰ ਸਮਝਿਆ ਜਾਂਦਾ ਹੈ। ਆਮ ਤੌਰ ਤੇ ਸੂਚੀ ਵਿੱਚ ਸਭ ਤੋਂ ਉੱਪਰ ਉਹ ਵਿਅਕਤੀ ਹੁੰਦਾ ਹੈ, ਜੋ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ। ਹਸਪਤਾਲ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇਂਦਾ ਹੈ, ਜਿਸ ਵਿੱਚ ਇਸ ਅਤੇ ਇਹ ਕਿ ਤੁਹਾਡੀ ਦੇਖਭਾਲ ਅਤੇ ਇਲਾਜ ਦੇ ਸੰਬੰਧ ਵਿੱਚ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਦੇ ਕੀ ਅਧਿਕਾਰ ਹਨ, ਬਾਰੇ ਦੱਸਿਆ ਗਿਆ ਹੈ।

ਤੁਹਾਡੇ ਕੇਸ ਵਿੱਚ ਸਾਨੂੰ ਦੱਸਿਆ ਗਿਆ ਹੈ, ਕਿ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ :

ਜੇ ਤੁਸੀਂ ਨਹੀਂ ਚਾਹੁੰਦੇ ਕਿ ਇਸ ਵਿਅਕਤੀ ਨੂੰ ਇਸ ਲੀਫ਼ਲੈਟ ਦੀ ਇੱਕ ਕਾਪੀ ਮਿਲੇ ਤਾਂ ਕਿਰਪਾ ਕਰਕੇ ਆਪਣੀ ਨਰਸ ਜਾਂ ਸਟਾਫ਼ ਦੇ ਕਿਸੇ ਹੋਰ ਮੈਂਬਰ ਨੂੰ ਦੱਸੋ।

## ਆਪਣੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਬਦਲਣਾ

ਜੇ ਤੁਸੀਂ ਸੋਚਦੇ ਹੋ, ਕਿ ਇਹ ਵਿਅਕਤੀ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਵਜੋਂ ਉਚਿਤ ਨਹੀਂ ਤਾਂ ਤੁਸੀਂ ਕਾਉਂਟੀ ਕੋਰਟ ਕੋਲ ਉਸਦੀ ਬਜਾਏ, ਕਿਸੇ ਹੋਰ ਵਿਅਕਤੀ ਨੂੰ ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ ਮੰਨਣ ਲਈ ਅਰਜ਼ੀ ਦੇ ਸਕਦੇ ਹੋ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦਾ ਹੈ, ਜਿਸ ਵਿੱਚ ਇਹ ਗੱਲ ਖੋਲ੍ਹ ਕੇ ਦੱਸੀ ਗਈ ਹੈ।

## ਤੁਹਾਡੀਆਂ ਚਿੱਠੀਆਂ

ਜਦੋਂ ਤੁਸੀਂ ਹਸਪਤਾਲ ਵਿੱਚ ਹੋ, ਤੁਹਾਨੂੰ ਭੇਜੀਆਂ ਗਈਆਂ ਸਭ ਚਿੱਠੀਆਂ ਤੁਹਾਨੂੰ ਦਿੱਤੀਆਂ ਜਾਣਗੀਆਂ। ਤੁਸੀਂ ਸਿਵਾਏ ਉਨ੍ਹਾਂ ਦੇ ਜਿਨ੍ਹਾਂ ਨੇ ਕਿਹਾ ਹੈ ਕਿ ਉਹ ਤੁਹਾਡੇ ਵਲੋਂ ਚਿੱਠੀਆਂ ਨਹੀਂ ਚਾਹੁੰਦੇ, ਕਿਸੇ ਨੂੰ ਵੀ ਚਿੱਠੀਆਂ ਭੇਜ ਸਕਦੇ ਹੋ। ਹਸਪਤਾਲ ਦਾ ਸਟਾਫ਼ ਇਨ੍ਹਾਂ ਲੋਕਾਂ ਨੂੰ ਚਿੱਠੀ ਲਿਖਣਾ ਬੰਦ ਵੀ ਕਰ ਸਕਦਾ ਹੈ।

## ਪ੍ਰੈਕਟਸ ਦਾ ਜ਼ਾਬਤਾ

ਪ੍ਰੈਕਟਸ ਦਾ ਇੱਕ ਜ਼ਾਬਤਾ ਹੈ, ਜਿਸ ਨਾਲ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਅਤੇ ਮਾਨਸਿਕ ਗੜਬੜੀ ਵਾਲੇ ਲੋਕਾਂ ਦੇ ਇਲਾਜ ਕਰਨ ਬਾਰੇ ਹਸਪਤਾਲ ਦੇ ਸਟਾਫ਼ ਨੂੰ ਸਲਾਹ ਦਿੱਤੀ ਜਾਂਦੀ ਹੈ। ਸਟਾਫ਼ ਜਦੋਂ ਤੁਹਾਡੀ ਦੇਖਭਾਲ ਬਾਰੇ ਫੈਸਲੇ ਕਰਦਾ ਹੈ, ਤਾਂ ਉਨ੍ਹਾਂ ਨੂੰ ਇਹ ਵੇਖਣਾ ਪੈਂਦਾ ਹੈ ਕਿ ਜ਼ਾਬਤਾ ਇਸ ਬਾਰੇ ਕੀ ਕਹਿੰਦਾ ਹੈ। ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਦੀ ਇੱਕ ਕਾਪੀ ਵੇਖ ਸਕਦੇ ਹੋ।

## ਮੈਂ ਸ਼ਿਕਾਇਤ ਕਿਸ ਤਰ੍ਹਾਂ ਕਰਾਂ ?

ਜੇ ਤੁਸੀਂ ਹਸਪਤਾਲ ਵਿੱਚ ਹੋ ਰਹੀ ਆਪਣੀ ਦੇਖਭਾਲ ਅਤੇ ਇਲਾਜ ਸੰਬੰਧੀ ਕਿਸੇ ਗੱਲ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ ਤਾਂ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਹੋ ਸਕਦਾ ਹੈ, ਕਿ ਉਹ ਮਾਮਲੇ ਨੂੰ ਸੁਲਝਾ ਲੈਣ। ਉਹ ਤੁਹਾਨੂੰ ਹਸਪਤਾਲ ਦੇ ਸ਼ਿਕਾਇਤ ਕਰਨ ਦੇ ਅਮਲ ਬਾਰੇ ਵੀ ਜਾਣਕਾਰੀ ਦੇ ਸਕਦੇ ਹਨ ਜਿਸਨੂੰ ਤੁਸੀਂ ਆਪਣੀ ਸ਼ਿਕਾਇਤ ਨੂੰ ਸੁਲਝਾਣ ਲਈ, ਜਿਸਨੂੰ ਸਥਾਨਕ ਮਤਾ ਕਹਿੰਦੇ ਹਨ, ਰਾਹੀਂ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। ਉਹ ਤੁਹਾਨੂੰ ਉਨ੍ਹਾਂ ਹੋਰ ਲੋਕਾਂ ਬਾਰੇ ਵੀ ਦੱਸ ਸਕਦੇ ਹਨ, ਜੋ ਤੁਹਾਨੂੰ ਸ਼ਿਕਾਇਤ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਜੇ ਤੁਸੀਂ ਮਹਿਸੂਸ ਕਰਦੇ ਹੋ, ਕਿ ਹਸਪਤਾਲ ਦਾ ਸ਼ਿਕਾਇਤਾਂ ਦਾ ਅਮਲ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ ਤਾਂ ਤੁਸੀਂ ਇੱਕ ਸੁਤੰਤਰ ਕਮਿਸ਼ਨ ਕੋਲ ਵੀ ਸ਼ਿਕਾਇਤ ਕਰ ਸਕਦੇ ਹੋ। ਕਮਿਸ਼ਨ ਇਹ ਯਕੀਨੀ ਬਣਾਉਣ ਲਈ ਕਿ 1983 ਦਾ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਠੀਕ ਤਰ੍ਹਾਂ ਹੋਵੇ, ਅਤੇ ਮਰੀਜ਼ ਜਿੰਨੀ ਦੇਰ ਹਸਪਤਾਲ ਵਿੱਚ ਹੋਣ, ਉਨ੍ਹਾਂ ਦੀ ਦੇਖਭਾਲ ਸਹੀ ਢੰਗ ਨਾਲ ਹੋਵੇ, ਇਹ ਨਿਗਰਾਨੀ ਕਰਦਾ ਹੈ ਕਿ ਇਸ ਕਾਨੂੰਨ ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ

ਜਾਂਦਾ ਹੈ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦੇ ਹਨ, ਜਿਸ ਵਿੱਚ ਦੱਸਿਆ ਗਿਆ ਹੈ, ਕਿ ਕਮਿਸ਼ਨ ਨਾਲ ਸੰਪਰਕ ਕਿਵੇਂ ਕਰਨਾ ਹੈ।

## ਹੋਰ ਵੱਧ ਸਹਾਇਤਾ ਲਈ ਜਾਣਕਾਰੀ

ਜੇ ਤੁਹਾਡੀ ਦੇਖਭਾਲ ਅਤੇ ਇਲਾਜ ਬਾਰੇ ਕੋਈ ਅਜਿਹੀ ਗੱਲ ਹੈ, ਜੋ ਤੁਹਾਨੂੰ ਸਮਝ ਨਹੀਂ ਆ ਰਹੀ ਤਾਂ ਸਟਾਫ਼ ਦਾ ਇੱਕ ਮੈਂਬਰ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰੇਗਾ। ਜੇ ਇਸ ਲੀਫ਼ਲੈਟ ਵਿੱਚ ਕੁਝ ਅਜਿਹਾ ਹੋਵੇ, ਜੋ ਤੁਹਾਡੀ ਸਮਝ ਵਿੱਚ ਨਹੀਂ ਆ ਰਿਹਾ ਜਾਂ ਤੁਹਾਡੇ ਕੋਈ ਹੋਰ ਸਵਾਲ ਹਨ, ਜਿਨ੍ਹਾਂ ਦੇ ਜਵਾਬ ਇਸ ਲੀਫ਼ਲੈਟ ਵਿੱਚ ਨਹੀਂ ਦਿੱਤੇ ਗਏ, ਤਾਂ ਕਿਰਪਾ ਕਰਕੇ ਸਟਾਫ਼ ਦੇ ਇੱਕ ਮੈਂਬਰ ਨੂੰ ਸਮਝਾਉਣ ਲਈ ਕਹੋ।

ਜੇ ਤੁਹਾਨੂੰ ਲੀਫ਼ਲੈਟ ਦੀ ਇੱਕ ਹੋਰ ਕਾਪੀ ਕਿਸੇ ਹੋਰ ਲਈ ਚਾਹੀਦੀ ਹੋਵੇ, ਤਾਂ ਕਿਰਪਾ ਕਰਕੇ ਕੇ ਉਸ ਲਈ ਕਹੋ।